R-11/2110 10109/NK

# ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ

(ਸਮੈਸਟਰ ਤੀਜਾ)

ਸਮਾਂ: 2 ਘੰਟੇ ਕੁਲ ਅੰਕ 60

ਨੋਟ: ਵਿਦਿਆਰਥੀ ਹੇਠ ਦਿੱਤੇ ਭਾਗ ੳ-1. ੳ-2, ਅ-1.ਅ-2 ਦੇ ਸਾਰੇ ਪ੍ਰਸ਼ਨਾਂ ਵਿੱਚੋਂ ਅੱਧੇ ਭਾਵ 2 ਪ੍ਰਸ਼ਨਾਂ ਦਾ ਉੱਤਰ ਦੇਵੇ। ਇਸੇ ਤਰ੍ਹਾਂ ਭਾਗ ੲ ਦੇ 12 ਸਵਾਲਾਂ ਵਿੱਚੋਂ ਅੱਧੇ ਭਾਵ 6 ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਵੇ। ਸਾਰੇ ਸਵਾਲਾਂ ਦੇ ਅੰਕ ਬਰਾਬਰ ਭਾਵ 20-20 ਅੰਕ ਹਨ।

ਭਾਗ ੳ-1

1. ਸਭਿਆਚਾਰ ਨੂੰ ਪਰਿਭਾਸ਼ਿਤ ਕਰੋ ਅਤੇ ਇਸ ਦੇ ਮੁੱਖ ਲੱਛਣਾਂ ਤੋਂ ਜਾਣੂੰ ਕਰਵਾਉ

   ਜਾਂ

   ਸਭਿਆਚਾਰਕ ਰੂਪਾਂਤਰਣ ਤੋਂ ਕੀ ਭਾਵ ਹੈ? ਸਭਿਆਚਾਰਕ ਰੂਪਾਂਤਰਣ ਦੇ ਵਿਭਿੰਨ ਤਰੀਕਿਆਂ ਵਿਚੋਂ ਸਭਿਆਚਾਰੀਕਰਨ, ਸਭਿਆਚਾਰਕ ਸੰਪਰਕ ਅਤੇ ਸਭਿਆਚਾਰਕ ਪਿਛੜੇਵੇਂ ਦੇ ਸੰਕਲਪਾਂ ਨੂੰ ਸਪਸ਼ਟ ਕਰੋ।

ਭਾਗ ੳ-2

2. ਅੰਤੋਨੀਓ ਗਰੈਮਸ਼ੀ ਦੇ ਸਭਿਆਚਾਰ ਚਿੰਤਨ ਵਿਚਲੀਆਂ ਮੁੱਖ ਧਾਰਣਾਵਾਂ ਬਾਰੇ ਚਰਚਾ ਕਰੋ।

   ਜਾਂ

   ਯਾਂ ਬੌਦਰੌਲਾ ਦੀਆਂ ਉੱਤਰ-ਆਧੁਨਿਕ ਸਭਿਆਚਾਰ ਬਾਰੇ ਧਾਰਣਾਵਾਂ ਨਾਲ ਆਲੋਚਨਤਾਮਕ ਸੰਵਾਦ ਰਚਾਉ।

ਭਾਗ ਅ-1

3. ਪੰਜਾਬੀ ਸਭਿਆਚਾਰ ਦੇ ਭੂਗੋਲਿਕ ਪਾਸਾਰ ਨੂੰ ਨਿਸ਼ਚਿਤ ਕਰਦਿਆਂ ਇਸ ਖਿੱਤੇ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਉਲੀਕੋ।

   ਜਾਂ

   ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਲੱਛਣ ਦੱਸਦਿਆਂ ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਸਭਿਆਚਾਰ ਦੀ ਵਿਲੱਖਣਤਾ ਨੂੰ ਖੋਰਾ ਲੱਗਣ ਦੇ ਮਸਲੇ ਨੂੰ ਵਿਚਾਰੋ।

ਭਾਗ ਅ-2

4. ਪੰਜਾਬੀ ਪਹਿਰਾਵੇ ਦੀ ਵਿਲੱਖਣਤਾ ਬਾਰੇ ਚਰਚਾ ਕਰਦਿਆਂ ਇਸ ਵਿੱਚ ਆਏ ਬਦਲਾਵਾਂ ਬਾਰੇ ਆਪਣਾ ਮੱਤ ਪ੍ਰਸਤੁਤ ਕਰੋ।

ਜਾਂ

ਸ਼ਿਕਲੀਗ਼ਰਾਂ ਦੇ ਸਭਿਆਚਾਰ ਦੇ ਇਤਿਹਾਸਕ ਪਿਛੋਕੜ ਅਤੇ ਵਰਤਮਾਨ ਸਥਿਤੀ ਤੋਂ ਜਾਣੂੰ ਕਰਵਾਉ।

ਭਾਗ ੲ:

5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਉ।
   - i) ਪਦਾਰਥਕ ਸਭਿਆਚਾਰ ਵਿਚ ਕੀ ਕੀ ਸ਼ਾਮਿਲ ਹੁੰਦਾ ਹੈ?
   - ii) ਬੋਧਾਤਮਕ ਸਭਿਆਚਾਰ ਕੀ ਹੈ?
   - iii) ਲੋਕਾਚਾਰ ਅਤੇ ਸਦਾਚਾਰ ਵਿਚ ਅੰਤਰ ਦੱਸੋ।
   - iv) ਲੋਕਪ੍ਰਿਯ ਸਭਿਆਚਾਰ (ਪਾਪੂਲਰ ਕਲਚਰ) ਤੋਂ ਤੁਹਾਡਾ ਕੀ ਭਾਵ ਹੈ?
   - v) ਕਬੀਲਾਈ ਸਭਿਆਚਾਰ ਦੇ ਦੋ ਮੁੱਖ ਲੱਛਣ ਦੱਸੋ?
   - vi) ਕਬੀਲਾਈ ਸਭਿਆਚਾਰ ਦੇ ਮੁੱਖ ਤੌਰ ‘ਤੇ ਕਿਹੜੇ ਕਿਹੜੇ ਰੂਪ ਹਨ? ਉਦਾਹਰਣ ਸਹਿਤ ਦੱਸੋ।
   - vii) ਰੇਮੰਡ ਵਿਲੀਅਮਜ਼ ਦੇ ਸਭਿਆਚਾਰ ਚਿੰਤਨ ਦੀਆ ਦੋ ਮੁੱਖ ਧਾਰਣਾਵਾਂ ਤੋਂ ਜਾਣੂੰ ਕਰਵਾਉ
   - viii)ਸਭਿਆਚਾਰਕ ਵਰਤਾਰਿਆਂ ਨੂੰ ਸਮਝਣ ਲਈ ਸਟੂਅਰਟ ਹਾਲ ਦਾ ਮੁੱਖ ਯੋਗਦਾਨ ਕੀ ਹੈ?
   - ix) ਵਿਆਹ ਦੇ ਰੂਪਾਂ ਕਰੇਵਾ ਅਤੇ ਚਾਦਰ ਪਾਉਣੀ ਵਿੱਚ ਕੀ ਫ਼ਰਕ ਹੈ?
   - x) ਪੰਜਾਬੀ ਸਭਿਆਚਾਰ ਦੇ ਦੋ ਅਧਿਐਨ ਸਰੋਤਾਂ ਬਾਰੇ ਦੱਸੋ।
   - xi) ਪ੍ਰਾਚੀਨ ਯੁਗ ਦੀਆਂ ਕਿਹੜੀਆਂ ਦੋ ਕੌਮਾਂ ਨੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ? ਉਨ੍ਹਾਂ ਦੇ ਦੋ ਪ੍ਰਭਾਵਾਂ ਬਾਰੇ ਵੀ ਦੱਸੋ।
   - xii) ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਦੀਆਂ ਦੋ ਖ਼ਾਸੀਅਤਾਂ ਦੱਸੋ।

10109/NK